International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਸ੍ਰੀ ਗੁਰੂ ਗ੍ਰੰਥ ਸਾਹਿਬ-ਮਨੁੱਖੀ ਅਧਿਕਾਰਾਂ ਦਾ ਪ੍ਰਵਚਨ

**Dr. Harpreet Singh Dua**

Associate Professor, Punjabi, Gujranwala Guru Nanak Khalsa College

## Abstract

ਮਨੁੱਖੀ ਅਧਿਕਾਰਾਂ ਦੀ ਪੇਸ਼ਕਾਰੀ ਕਰਦੀ ਗੁਰਬਾਣੀ ਮਨੁੱਖਤਾ ਦਾ ਕਲਿਆਣ ਚੰਗੇ ਤੇ ਸੁਖਾਂਵੇਂ ਸਮਾਜ ਵਿਚ ਹੀ ਸੰਭਵ ਹੋਣ ਦੀ ਗੱਲ ਕਰਦੀ ਹੈ। ਸਾਵਾਂ ਤੇ ਸੁਖਾਂਵਾਂ ਸਮਾਜ ਉਹ ਹੈ ਜਿਥੇ ਹਰ ਮਨੁੱਖ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਹੋ ਸਕੇ। ਹਰ ਮਨੁੱਖ ਆਪਣੇ ਬੁਨਿਆਦੀ ਅਤੇ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਉਪਰੰਤ ਹੀ ਵਿਕਾਸ ਕਰਦਾ ਹੈ। ਮਨੁੱਖਾਂ ਦਾ ਸਰਬ ਪੱਖੀ ਵਿਕਾਸ ਹੀ ਸਮੁੱਚੇ ਸਮਾਜ ਨੂੰ ਵਿਕਸਿਤ ਕਰਦਾ ਹੈ। ਸਮੁੱਚੀ ਗੁਰਬਾਣੀ ਦਾ ਉਸਾਰ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਅਤੇ ਮਾਨਵਤਾ ਦੇ ਕਲਿਆਣ ਉਤੇ ਹੀ ਹੋਇਆ ਹੈ। ਇਸ ਤੋਂ ਪਹਿਲਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ/ਮਾਨਵੀ ਅਧਿਕਾਰਾਂ ਦਾ ਪ੍ਰਵਚਨ ਕਿਵੇਂ ਦ੍ਰਿਸ਼ਟੀਗੋਚਰ ਹੁੰਦਾ ਹੈ, ਇਸ ਬਾਰੇ ਵਿਸਤ੍ਰਿਤ ਚਰਚਾ ਕਰੀਏ, ਮਾਨਵੀ ਅਧਿਕਾਰਾਂ ਦੇ ਸਿਧਾਂਤਕ ਪੱਖ ਤੋਂ ਜਾਣੂੰ ਹੋਣਾ ਜ਼ਰੂਰੀ ਹੈ, ਤਾਂ ਹੀ ਮਾਨਵੀ ਅਧਿਕਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ। ਮਨੁੱਖੀ ਅਧਿਕਾਰ ਨਾਂ ਤਾਂ ਸਮਾਜਿਕ ਵਿਵਸਥਾ ਤੋਂ ਲਏ ਗਏ ਹਨ ਅਤੇ ਨਾ ਹੀ ਸਮਾਜ ਦੁਆਰਾ ਮਨੁੱਖ ਨੂੰ ਦਿੱਤੇ ਗਏ ਹਨ। ਇਹ ਅਧਿਕਾਰ ਸਮਾਜ ਦੀ ਸਿਰਜਨਾ ਤੋਂ ਪਹਿਲਾਂ ਹਰ ਮਨੁੱਖ ਦੇ ਅੰਦਰ ਕੁਦਰਤੀ ਰੂਪ ਵਿਚ ਵਿਦਮਾਨ ਹੁੰਦੇ ਹਨ। ਸਾਕਾਰਾਤਮਕ ਕਨੂੰਨੀ ਵਿਵਸਥਾ ਮਨੁੱਖੀ ਅਧਿਕਾਰ ਤੋਂ ਬਿਨਾਂ ਕਾਨੂੰਨ ਨਹੀਂ ਹੈ। ਦੂਜੇ ਸੰਸਾਰ ਯੁੱਧ ਉਪਰੰਤ 1945 ਵਿਚ ਸੰਯੁਕਤ ਰਾਸ਼ਟਰ ਦੇ ਚਾਰਟਰ ਵਿਚ ਮਨੁੱਖੀ ਅਧਿਕਾਰਾਂ ਦੇ ਵਿਕਾਸ ਨੂੰ ਆਪਣੇ ਇਕ ਉਦੇਸ਼ ਵਜੋਂ ਸਵੀਕਾਰ ਕੀਤਾ ਗਿਆ । ਸੰਯੁਕਤ ਰਾਸ਼ਟਰ ਦੀ ਮਹਾਂਸਭਾ ਦੁਆਰਾ 10 ਦਸੰਬਰ 1948 ਨੂੰ ਮਨੁੱਖੀ ਅਧਿਕਾਰਾਂ ਦੇ ਘੋਸ਼ਣਾ ਪੱਤਰ ਉਤੇ ਆਪਣੀ ਪ੍ਰਵਾਨਗੀ ਦਿੱਤੀ। ਇਸ ਕਰਕੇ ਅੱਜ 10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

**Keywords:** ਗੁਰੂ ਗ੍ਰੰਥ ਸਾਹਿਬ, ਮਨੁੱਖੀ ਅਧਿਕਾਰ, ਗੁਰਬਾਣੀ, ਸਮਾਜ, ਅਨਿਆ

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇਕ ਮਹਾਨ, ਅਦੁੱਖੀ ਅਤੇ ਸਭ ਤੋਂ ਸਤਿਕਾਰਿਤ ਧਰਮ ਗ੍ਰੰਥ ਹੈ।ਗੁਰੂ ਗ੍ਰੰਥ ਸਾਹਿਬ ਵਿਚ ਜੇ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ, 11 ਭੱਟਾਂ ਅਤੇ 4 ਗੁਰਸਿਖਾਂ ਦੀ ਬਾਣੀ ਦਰਜ ਹੈ। ਗੁਰੂ ਨਾਨਕ ਦੇਵ ਦੁਆਰਾ ਸੰਚਾਲਤ ਸਿੱਖ ਧਰਮ ਸਮੁਚੀ ਮਾਨਵਤਾ ਦੇ ਕਲਿਆਣ ਦਾ ਚਿੰਤਨ ਪੇਸ਼ ਕਰਦਾ ਹੈ। ਡਾ. ਮਨਮੋਹਨ ਸਹਿਗਲ ਅਨੁਸਾਰ,
ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਮਾਣ ਪੌਣੇ ਚਾਰ ਸੋ ਸਾਲ ਪੂਰਵ ਹੋਇਆ ਹੈ ਪਰ ਫਿਰ ਵੀ ਵਰਤਮਾਨ ਜੀਵਨ ਦੀਆਂ ਪ੍ਰਚੰਡ ਸਮੱਸਿਆਵਾਂ ਦਾ ਸੁਚਾਰੂ ਸਮਾਧਾਨ ਅਤੇ ਭਾਰਤੀ ਸੰਸਕ੍ਰਿਤੀ ਦਾ ਆਦਰਸ਼ ਸਰੂਪ ਇਸ ਵਿਚ ਦ੍ਰਿਸ਼ਟਮਾਨ ਹੈ। ਇਸੇ ਲਈ ਅਸੀਂ ਗੁਰੂ

ਗ੍ਰੰਥ ਸਾਹਿਬ ਨੂੰ ਭਾਵਾਤਮਕ ਏਕਤਾ, ਪਰਸਪਰ ਪ੍ਰੇਮ ਅਥਵਾ ਮਾਨਵਤਾ ਦਾ ਪ੍ਰਚਾਰਕ ਗ੍ਰੰਥ ਮੰਨਦੇ ਹਾਂ।[1]

ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਅਧਿਆਤਮਕ ਵਿਕਾਸ ਦੇ ਮਾਰਗ ਨੂੰ ਸੁਦ੍ਰਿੜ ਕਰਵਾਇਆ ਗਿਆ ਹੈ, ਉਥੇ ਮਾਨਵਤਾ ਦੇ ਕਲਿਆਣ ਹਿਤ ਕਈ ਅਹਿਮ ਮਸਲਿਆਂ ਨੂੰ ਵੀ ਵਿਚਾਰਿਆ ਗਿਆ ਹੈ। ਗੁਰਬਾਣੀ ਸਮੁੱਚੇ ਜੀਵਨ ਸਭਿਆਚਾਰ ਅਤੇ ਸੁਚੱਜੀ ਜੀਵਨ ਜਾਚ ਦਾ ਚਿੰਤਨ ਪੇਸ਼ ਕਰਦੀ ਹੈ।

ਮਨੁੱਖੀ ਅਧਿਕਾਰਾਂ ਦੀ ਪੇਸ਼ਕਾਰੀ ਕਰਦੀ ਗੁਰਬਾਣੀ ਮਨੁੱਖਤਾ ਦਾ ਕਲਿਆਣ ਚੰਗੇ ਤੇ ਸੁਖਾਂਵੇਂ ਸਮਾਜ ਵਿਚ ਹੀ ਸੰਭਵ ਹੋਣ ਦੀ ਗੱਲ ਕਰਦੀ ਹੈ। ਸਾਵਾਂ ਤੇ ਸੁਖਾਂਵਾਂ ਸਮਾਜ ਉਹ ਹੈ ਜਿਥੇ ਹਰ ਮਨੁੱਖ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਹੋ ਸਕੇ। ਹਰ ਮਨੁੱਖ ਆਪਣੇ ਬੁਨਿਆਦੀ ਅਤੇ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਉਪਰੰਤ ਹੀ ਵਿਕਾਸ ਕਰਦਾ ਹੈ। ਮਨੁੱਖਾਂ ਦਾ ਸਰਬ ਪੱਖੀ ਵਿਕਾਸ ਹੀ ਸਮੁੱਚੇ ਸਮਾਜ ਨੂੰ ਵਿਕਸਿਤ ਕਰਦਾ ਹੈ। ਸਮੁੱਚੀ ਗੁਰਬਾਣੀ ਦਾ ਉਸਾਰ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਅਤੇ ਮਾਨਵਤਾ ਦੇ ਕਲਿਆਣ ਉਤੇ ਹੀ ਹੋਇਆ ਹੈ।

ਇਸ ਤੋਂ ਪਹਿਲਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ/ਮਾਨਵੀ ਅਧਿਕਾਰਾਂ ਦਾ ਪ੍ਰਵਚਨ ਕਿਵੇਂ ਦ੍ਰਿਸ਼ਟੀਗੋਚਰ ਹੁੰਦਾ ਹੈ, ਇਸ ਬਾਰੇ ਵਿਸਤ੍ਰਿਤ ਚਰਚਾ ਕਰੀਏ, ਮਾਨਵੀ ਅਧਿਕਾਰਾਂ ਦੇ ਸਿਧਾਂਤਕ ਪੱਖ ਤੋਂ ਜਾਣੂੰ ਹੋਣਾ ਜ਼ਰੂਰੀ ਹੈ, ਤਾਂ ਹੀ ਮਾਨਵੀ ਅਧਿਕਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ।

ਮਨੁੱਖੀ ਅਧਿਕਾਰ ਨਾਂ ਤਾਂ ਸਮਾਜਿਕ ਵਿਵਸਥਾ ਤੋਂ ਲਏ ਗਏ ਹਨ ਅਤੇ ਨਾ ਹੀ ਸਮਾਜ ਦੁਆਰਾ ਮਨੁੱਖ ਨੂੰ ਦਿੱਤੇ ਗਏ ਹਨ। ਇਹ ਅਧਿਕਾਰ ਸਮਾਜ ਦੀ ਸਿਰਜਨਾ ਤੋਂ ਪਹਿਲਾਂ ਹਰ ਮਨੁੱਖ ਦੇ ਅੰਦਰ ਕੁਦਰਤੀ ਰੂਪ ਵਿਚ ਵਿਦਮਾਨ ਹੁੰਦੇ ਹਨ। ਸਾਕਾਰਾਤਮਕ ਕਨੂੰਨੀ ਵਿਵਸਥਾ ਮਨੁੱਖੀ ਅਧਿਕਾਰ ਤੋਂ ਬਿਨਾਂ ਕਾਨੂੰਨ ਨਹੀਂ ਹੈ। ਦੂਜੇ ਸੰਸਾਰ ਯੁੱਧ ਉਪਰੰਤ 1945 ਵਿਚ ਸੰਯੁਕਤ ਰਾਸ਼ਟਰ ਦੇ ਚਾਰਟਰ ਵਿਚ ਮਨੁੱਖੀ ਅਧਿਕਾਰਾਂ ਦੇ ਵਿਕਾਸ ਨੂੰ ਆਪਣੇ ਇਕ ਉਦੇਸ਼ ਵਜੋਂ ਸਵੀਕਾਰ ਕੀਤਾ ਗਿਆ । ਸੰਯੁਕਤ ਰਾਸ਼ਟਰ ਦੀ ਮਹਾਂਸਭਾ ਦੁਆਰਾ 10 ਦਸੰਬਰ 1948 ਨੂੰ ਮਨੁੱਖੀ ਅਧਿਕਾਰਾਂ ਦੇ ਘੋਸ਼ਣਾ ਪੱਤਰ ਉਤੇ ਆਪਣੀ ਪ੍ਰਵਾਨਗੀ ਦਿੱਤੀ। ਇਸ ਕਰਕੇ ਅੱਜ 10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਮਨੁੱਖੀ ਅਧਿਕਾਰਾਂ ਵਿਚ ਕਾਨੂੰਨੀ ਸਮਾਨਤਾ, ਵਿਤਕਰੇ ਦੀ ਮਨਾਹੀ, ਅਵਸਰ ਦੀ ਸਮਾਨਤਾ, ਭਾਸਣ ਅਤੇ ਵਿਚਾਰਾਂ ਦੀ ਅਭਿਵਿਅਕਤੀ ਦੀ ਆਜਾਦੀ, ਧਰਮਿਕ ਦੇਣ ਦੀ ਸੁੰਤਤਰਤਾ ਸਮਾਨ ਵੇਤਨ ਦਾ ਅਧਿਕਾਰ ਭਾਵ ਆਰਥਿਕ ਸਮਾਨਤਾ, ਉਚਿਤ ਸਮਾਜਿਕ ਵਿਵਸਥਾ, ਮਾਂ ਬੋਲੀ ਦੀ ਵਰਤੋਂ ਦਾ ਅਧਿਕਾਰ ਆਦਿ ਪ੍ਰਮੁੱਖ ਹਨ।

ਗੁਰੂ ਕਵੀ ਆਪਣੀ ਸਮਕਾਲੀਨ ਰਾਜਨੀਤਿਕ, ਸਮਾਜਿਕ, ਆਰਥਿਕ ਅਵਸਥਾ ਪ੍ਰਤੀ ਬਹੁਤ ਚੇਤੰਨ ਤੇ ਸੁਚੇਤ ਸਨ। ਸਮਕਾਲੀਨ ਸਮਾਜਿਕ ਅਵਸਥਾ ਜਾਤ ਪਾਤ ਦੇ ਭੇਦਭਾਵ ਅਤੇ ਵਿਤਕਰੇ ਨਾਲ ਓਤਪੋਤ ਸੀ। ਗੁਰੂ ਕਵੀਆ ਨੇ ਸਮਾਜਿਕ ਸਮਾਨਤਾ ਦਾ ਸੰਕਲਪ ਪੇਸ਼ ਕੀਤਾ ਅਤੇ ਸਾਰੀ ਮਾਨਵਤਾ ਨੂੰ ਉਸ ਇਕ ਪਰਮਾਤਮਾ ਦੇ ਨੂਰ ਤੋਂ ਪੈਦਾ ਹੋਈ ਦਸਦਿਆਂ ' ***ਤਿਸ ਕੈ ਚਾਨਣ ਸਭ ਮਹਿ ਚਾਨਣ ਹੋਇ***' ਦਾ ਸੰਕਲਪ ਦਿੱਤਾ। ਉਹਨਾਂ ਹਰ ਮਨੁੱਖ ਨੂੰ ਸਮਾਜਿਕ ਬਰਾਬਰਤਾ ਤੇ ਸਮਾਨਤਾ ਦਾ ਅਧਿਕਾਰੀ ਦਸਿਆ।

- ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ।।
  ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।। [2]
- ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।[3]

- ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸਹਿ ਬਾਹਰਾ ਜੀਉ।।[4]
- ਜੇ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ।।
  ਤਉ ਆਨ ਬਾਟ ਕਾਹੇ ਨਹੀਂ ਆਇਆ।।
  ਤੁਮ ਕਤ ਬ੍ਰਾਹਮਣ ਹਮ ਕਤ ਸੂਦ।।
  ਹਮ ਕਤ ਲਹੂ ਤੁਮ ਕਤ ਦੂਧ।।[5]
- ਬ੍ਰਹਮਨ ਬੈਸ ਸੂਦ ਅਰੁ ਖੜ੍ਰੀ, ਡੋਮ ਚੰਡਾਰ ਮਲੇਛ ਮਨ ਸੋਇ।।
  ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।।[6]
- ਬ੍ਰਾਹਮਣੁ ਖੜ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਕ੍ਰਮ ਹਹਿ
  ਜੋ ਹਰਿ ਧਿਆਵੈ ਸੋ ਪਰਧਾਨੁ। ।[7]

ਇਸ ਸਮਾਜਿਕ ਅਸਮਾਨਤਾ ਵਿਚ ਔਰਤ ਦੀ ਸਥਿਤੀ ਬਹੁਤ ਮਾੜੀ ਤੇ ਤਰਸਯੋਗ ਸੀ। ਬ੍ਰਾਹਮਣਵਾਦ ਅਤੇ ਮਨੂ ਸਿਮ੍ਰਤੀਆਂ ਨੇ ਔਰਤ ਦੀ ਹਾਲਤ ਤਰਸਯੋਗ ਕਰ ਦਿੱਤੀ । ਗੁਰੂ ਨਾਨਕ ਦੇਵ ਨੇ ਔਰਤ ਨੂੰ ਸਿਰਫ ਮਰਦ ਦੇ ਬਰਾਬਰ ਦਰਜਾ ਹੀ ਨਹੀਂ ਦਿੱਤਾ ਸਗੋਂ ਰਾਜਿਆਂ, ਮਹਾਰਾਜਿਆਂ ਦੀ ਜਣਨੀ ਆਪ ਕੇ ਮਰਦ ਤੋਂ ਵੀ ਉੱਚਾ ਤੇ ਸਤਿਕਾਰਤ ਸਥਾਨ ਦਿੱਤਾ ਅਤੇ ਔਰਤ ਤੋਂ ਬਿਨਾਂ ਸੰਸਾਰ ਦੇ ਸਮਾਜ ਦੀ ਗਤੀਸ਼ੀਲਤਾ ਅਸੰਭਵ ਬਿਆਨ ਕੀਤੀ।

- ਭੰਡਿ ਜੰਮੀਐ ਭੰਡਿ ਲਿਖੀਐ।।
  ਭੰਡਿ ਮੰਗਣੁ ਵੀਆਹੁ॥
  ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ। ।
  ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
  ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।[8]

ਸਤੀ ਦੀ ਰਸਮ ਉਸ ਸਮੇਂ ਦੀ ਸਭ ਤੋਂ ਵੱਡੀ ਕੁਰੀਤੀ ਸੀ। ਪਤਨੀ ਨੂੰ ਜੀਉਂਦਿਆਂ ਹੀ ਪਤੀ ਦੀ ਚਿਖਾ ਵਿਚ ਸੜਨਾ ਪੈਂਦਾ ਸੀ। ਇਹ ਔਰਤ ਉਤੇ ਸਭ ਤੋਂ ਵੱਡਾ ਜ਼ੁਲਮ ਸੀ। ਗੁਰੂ ਅਮਰਦਾਸ ਜੀ ਨੇ ਸਤੀ ਦੀ ਰਸਮ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਔਰਤ ਨੂੰ ਉਸਦੇ ਜਿਉਂਦੇ ਹੋਣ ਦਾ ਹੱਕ ਦਿਵਾਇਆ।

- ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
  ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।[9]

ਮਨੁੱਖੀ ਅਧਿਕਾਰਾਂ ਵਿਚ ਸਭ ਤੋਂ ਪ੍ਰਥਮ ਅਧਿਕਾਰ ਆਪਣੀ ਮਾਤ ਭਾਸ਼ਾ/ਮਾਂ ਬੋਲੀ ਵਿਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਹੈ। ਗੁਰੂ ਕਵੀਆਂ ਨੇ ਆਪਣੀ ਮਾਂ ਬੋਲੀ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਅਭਿਵਿਅਕਤ ਕੀਤਾ। ਸਾਰੀ ਬਾਣੀ ਦੀ ਸਿਰਚਨਾ ਆਪਣੀ ਮਾਂ ਬੋਲੀ ਵਿਚ ਕਰਨੀ ਇਸਦਾ ਪ੍ਰਤਖ ਪ੍ਰਮਾਣ ਹੈ।ਗੁਰੂ ਸਾਹਿਬ ਨੇ ਉਨਾਂ ਲੋਕਾਂ ਦੀ ਨਿਖੇਧੀ ਕੀਤੀ ਜਿਨ੍ਹਾਂ ਨੇ ਆਪਣੀ ਮਾਤ-ਭਾਸ਼ਾ ਅਤੇ

ਸੰਸਕ੍ਰਿਤੀ ਦਾ ਤਿਆਗ ਕਰਕੇ ਪਰਾਈ ਬੋਲੀ ਤੇ ਸੰਸਕ੍ਰਿਤੀ ਨੂੰ ਅਪਣਾਇਆ। ਆਪਣੀ ਮਾਂ ਬੋਲੀ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਮਨੁੱਖੀ ਅਧਿਕਾਰਾਂ ਵਿਚ ਸ਼ਾਮਿਲ ਹੈ।

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।। [10]

ਹਰ ਇਨਸਾਨ ਨੂੰ ਆਪਣੀ ਮਨ ਮਰਜ਼ੀ ਦਾ ਧਰਮ ਅਪਣਾਉਣ ਦੀ ਆਜ਼ਾਦੀ ਮਨੁੱਖੀ ਅਧਿਕਾਰਾਂ ਵਿਚ ਸ਼ਾਮਿਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹਿੰਦੂ ਤੇ ਮੁਸਲਮਾਨਾਂ ਨੂੰ ਧਰਮ ਪਰਿਵਰਤਨ ਦੀ ਥਾਂ ਸੱਚੇ ਹਿੰਦੂ ਤੇ ਸੱਚੇ ਮੁਸਲਮਾਨ ਬਣਨ ਦੀ ਪ੍ਰੇਰਣਾ ਦਿੰਦੀ ਹੈ। ਗੁਰੂ ਨਾਨਕ ਦਾ ਮੱਤ ਕਿਸੇ ਡਰ ਜਾਂ ਲਾਲਚ ਅਧੀਨ ਧਰਮ ਅਪਨਾਉਣ ਜਾਂ ਧਰਮ ਤਬਦੀਲੀ ਦੀ ਪ੍ਰਵਿਰਤੀ ਦਾ ਖੰਡਨ ਕਰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਅਧਿਕਾਰ ਦੀ ਵੱਡੀ ਮਿਸਾਲ ਹੈ।

- ਭੈ ਕਾਹੂ ਕਉ ਦੇਤ ਨਹਿ
  ਨਹਿ ਭੈ ਮਾਨਤ ਆਨ ॥[11]

ਗੁਰਬਾਣੀ ਸਮਾਜ ਵਿਚ ਸੁਖਾਵਾਂਪਣ ਲਿਆਉਣ ਲਈ ਸਾਮੂਹਿਕ ਸਿੱਖਿਆ ਅਤੇ ਗਿਆਨ ਪ੍ਰਾਪਤੀ ਦਾ ਆਦੇਸ਼ ਦਿੰਦੀ ਹੈ। ਸਿਖਿਆ ਪ੍ਰਾਪਤ ਕਰਨਾ ਮਨੁੱਖੀ ਅਧਿਕਾਰਾਂ ਵਿਚੋਂ ਅਹਿਮ ਅਧਿਕਾਰ ਹੈ। ਗੁਰਬਾਣੀ ਬਿਨਾਂ ਕਿਸੇ ਭੇਦ ਭਾਵ ਦੇ ਸਿਖਿਆ ਪ੍ਰਾਪਤੀ ਨੂੰ ਮਾਨਵੀ ਅਧਿਕਾਰਾਂ ਵਿਚੋਂ ਪ੍ਰਮੁੱਖ ਮੰਨਦੀ ਹੈ

- ਵਿਦਿਆ ਵੀਚਾਰੀ ਤਾਂ ਪਰ ਉਪਕਾਰੀ ।। [12]
- ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ।। [13]
- ਜਗਿ ਗਿਆਨੀ ਵਿਰਲਾ ਆਚਾਰੀ
  ਜਗਿ ਪੰਡਿਤੁ ਵਿਰਲਾ ਵੀਚਾਰੀ।। [14]

ਜ਼ੁਲਮ ਤੇ ਜਬਰ ਦੇ ਖ਼ਿਲਾਫ/ਸਥਾਪਤੀ ਤੇ ਅਨਿਆ ਦੇ ਵਿਰੁਧ ਆਵਾਜ਼ ਬੁਲੰਦ ਕਰਨਾ ਮਨੁਖੀ ਅਧਿਕਾਰਾਂ ਵਿਚ ਸ਼ਾਮਿਲ ਹੈ। ਗੁਰੂ ਨਾਨਕ ਦੇਵ ਜੀ ਦਾ ਸਮਾਂ ਜਿਥੇ ਸਮਾਜਿਕ ਤੌਰ ਤੇ ਕੁਰੀਤੀਆਂ ਭਰਪੂਰ ਸੀ ਉਥੇ ਰਾਜਨੀਤਿਕ ਤੌਰ ਤੇ ਵੀ ਅਰਾਜਕਤਾ ਫੈਲੀ ਹੋਈ ਸੀ। ਬਾਬਰ ਦਾ ਹਿੰਦੁਸਤਾਨ ਤੇ ਹਮਲਾ ਇਤਿਹਾਸ ਦੀ ਦਰਦਨਾਕ ਘਟਨਾ ਸੀ। ਇਸ ਵਿਚ ਕਈ ਮਜ਼ਲੂਮਾਂ ਤੇ ਨਿਤਾਣਿਆਂ ਦਾ ਘਾਣ ਹੋਇਆ। ਗੁਰੂ ਕਵੀ ਨੇ ਬੜੀ ਦਲੇਰੀ ਨਾਲ ਬਾਬਰ ਨੂੰ ਜਾਬਰ ਅਤੇ ਉਸਦੀ ਫੌਜ ਨੂੰ ਪਾਪ ਦੀ ਜੰਣ ਆਖਿਆ ਅਤੇ ਉਸਦੇ ਜੁਲਮਾਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।।
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ।।
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ ੧ ॥

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠ- ਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।। [15]

ਸਮਾਜ ਵਿਚਲੀ ਆਰਥਿਕ ਅਸਮਾਨਤਾ ਅਤੇ ਅਸੰਤੁਲਤਾ ਨੂੰ ਦੂਰ ਕਰਨ ਲਈ ਗੁਰੂ ਕਵੀ ਨੇ 'ਘਾਇ ਖਾਇ ਕਿਛੁ ਹਥਹੁ ਦੇਇ' ਦਾ ਸੰਕਲਪ ਪੇਸ਼ ਕੀਤਾ, ਕਿਉਂਕਿ ਆਰਥਿਕ ਤੌਰ ਤੇ ਅਸੰਤੁਲਤ ਵਿਅਕਤੀ ਪੂਰੇ ਸਮਾਜ ਨੂੰ ਅਸੰਤੁਲਤ ਕਰ ਦਿੰਦਾ ਹੈ। ਦਸਵੰਧ ਕੱਢਣ ਦੀ ਪ੍ਰਥਾ ਇਸਦਾ ਵਧੀਆ ਹੱਲ ਦੱਸਿਆ, ਕਿਉਂਕਿ ਉਸ ਸਮੇਂ ਪਰਾਇਆ ਹੱਕ ਖਾਣ ਦੀ ਪ੍ਰਵਿਰਤੀ ਪ੍ਰਚਲਿਤ ਸੀ। ਇਸਦੀ ਗੁਰੂ ਸਾਹਿਬ ਨੇ ਨਿਖੇਧੀ ਕੀਤੀ। ਉਨਾਂ ਨੇ ਅਮੀਰਾਂ ਰਾਜਿਆਂ ਜਜ਼ੀਆਂ ਤੇ ਬ੍ਰਾਹਮਣਾਂ ਨੂੰ ਵੰਗਾਰਿਆ

ਮਾਇਆਧਾਰੀ ਅਤਿ ਅੰਨਾ ਬੋਲਾ।।
ਸਬਦੁ ਨ ਸੁਣਈ ਬਹੁ ਰੋਲ ਘਚੋਲਾ।। [16]
ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਿਹ ਸੇਇ।।[17]

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਮੱਸ਼ਟੀਗਤ ਕਲਿਆਣ ਦਾ ਚਿੰਤਨ ਪੇਸ਼ ਕਰਦੀ ਹੈ। ਕੋਈ ਵੀ ਸਮਾਜ ਉਦੋਂ ਤੱਕ ਵਿਕਸਿਤ ਨਹੀਂ ਹੋ ਸਕਦਾ,ਜਦੋਂ ਤੱਕ ਉਸ ਵਿਚ ਵਸਣ ਵਾਲੇ ਮਨੁੱਖਾ ਨੂੰ ਉਨਾਂ ਦੇ ਅਧਿਕਾਰ ਨਾ ਦਿੱਤੇ ਜਾਣ। ਮੁੱਢਲੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਹੀ ਮੁਨੱਖੀ ਵਿਕਾਸ ਵਿਚ ਅਹਿਮ ਯੋਗਦਾਨ ਪਾਉਂਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਡਾ. ਮਨਮੋਹਨ ਸਹਿਗਲ, *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਿਕ ਸਰੋਕਾਰ* (ਕਰਤਾ ਡਾ. ਬਲਵਿੰਦਰ ਕੌਰ ਭੱਟੀ, ਅੰਗ 10 ਤੋਂ ਉਧਰਿਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1330
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1349
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 97
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 324
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 858
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 861
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 473

9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 787
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1191
11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 356
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 60
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 413
15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 722
16. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 313
17. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1245

## ਪੁਸਤਕ-ਸੂਚੀ

1. ਪਰਮਵੀਰ ਸਿੰਘ : ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010

2. ਭੱਟੀ, ਬਲਵਿੰਦਰ ਕੌਰ (ਡਾ.) : ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਿਕ ਸਰੋਕਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

3. ਰੈਣਾ, ਅੰਮ੍ਰਿਤ ਕੌਰ (ਡਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਸਮੂਹਿਕ ਸਿਖਿਆ ਸੰਚਾਰ ਦਾ ਸਾਧਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.